ISSN: 2584-0509



# ਗੁਸਤਾਖ਼ ਹਵਾ : ਸੁਰਤਿ ਤੇ ਸ਼ਬਦ ਦਾ ਆਤਮ ਸੰਵਾਦ



ਪ੍ਰੋ. ਜਸਪਾਲ ਕੌਰ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ,
ਦਿੱਲੀ
+91 98684-54545

ਕੈਨੇਡਾ ਵੱਸਦੀ ਲੇਖਿਕਾ ਸੁਰਿੰਦਰ ਗੀਤ ਪਿਛਲੇ ਪੰਜ ਦਹਾਕਿਆਂ ਤੋਂ ਉੱਥੋਂ ਦੇ ਸ਼ਹਿਰ ਕੈਲਗਰੀ ਵਿੱਚ ਵਿਚਰ ਰਹੀ ਹੈ। ਉਸ ਦਾ ਪਹਿਲਾ ਕਾਵਿ-ਸੰਗ੍ਰਹਿ 'ਤੁਰੀ ਸਾਂ ਮੈਂ ਉਥੋਂ' 1996 ਵਿਚ ਸਾਹਮਣੇ ਆਉਂਦਾ ਹੈ। ਇਸ ਤੋਂ ਮਗਰੋਂ ਉਨ੍ਹਾਂ ਦੀ ਕਲਮ ਪੜਾਅ ਦਰ ਪੜਾਅ ਮੁਕਾਮ ਹਾਸਲ ਕਰਦੀ ਅਨੇਕ ਰਚਨਾਵਾਂ ਦੀ ਸਿਰਜਨਾ ਕਰਦੀ ਕਲਮੀ ਸਫ਼ਰ ਦੇ ਸਿਲਸਿਲੇ ਨੂੰ ਜਾਰੀ ਰੱਖਦੀ ਹੈ। ਮੋਗੇ (ਪੰਜਾਬ) ਤੋਂ ਕੈਲਗਰੀ (ਕੈਨੇਡਾ) ਤਕ ਉਸ ਦਾ ਜੀਵਨ ਸਫ਼ਰ ਵੰਨ-ਸੁਵੰਨੇ ਰੰਗਾਂ ਨੂੰ ਹੰਢਾਉਂਦਾ, ਗਿਆਨ – ਵਿਗਿਆਨ ਤੇ ਸੰਵੇਦਨਾ ਦਾ ਅਜਿਹਾ ਦ੍ਰਿਸ਼ ਸਿਰਜਦਾ ਹੈ, ਜਿਥੇ ਦੋਹਾਂ ਧਰਾਤਲਾਂ ਦਾ ਆਪਸੀ ਟਕਰਾਅ ਦੇਖਣ ਨੂੰ ਨਹੀਂ ਮਿਲਦਾ ਸਗੋਂ ਦੋਵੇਂ ਆਪੋ-ਆਪਣੀ ਥਾਵੇਂ ਇਕ ਦੂਜੇ ਨੂੰ ਪੁਖ਼ਤਾ ਧਰਾਤਲ ਪ੍ਰਦਾਨ ਕਰਦੇ ਹਨ। ਸ਼ਾਇਰਾ ਆਪਣੇ ਜੀਵਨ ਤਜ਼ਰਬਿਆਂ, ਅਨੁਭਵਾਂ ਤੇ ਅਹਿਸਾਸਾਂ ਨੂੰ ਤਰਕ ਸਹਿਤ ਸਹਿਜ ਭਾਵ ਨਾਲ ਸਰਲ ਸਾਦਾ ਸ਼ਬਦਾਵਲੀ ਰਾਹੀਂ ਸ਼ਾਬਦਿਕ ਕਾਵਿ-ਚਿੱਤਰ ਸਿਰਜਦੀ ਹੈ। ਇਹ ਸਾਹਿਤ ਰੂਪ ਤੀਕ ਪਹੁੰਚਣ ਲਈ ਸੁਰਤਿ ਤੇ ਸ਼ਬਦ ਦੇ ਆਤਮ ਸੰਵਾਦ ਤੋਂ ਮੰਥਨ ਤੱਕ ਦਾ ਸਫ਼ਰ ਤੈਅ ਕਰਦੇ ਹਨ। ਨਿੱਕੇ-ਨੰਨ੍ਹੇ ਜੀਵਨ ਪਲਾਂ/ਅਹਿਸਾਸਾਂ ਨੂੰ ਫੜਦੀ ਰਚਨਾਕਾਰ ਸ਼ਬਦਾਂ ਦਾ ਜਾਮਾ ਪਹਿਨਾ ਨਵਾਂ-ਨਕੋਰ ਰੂਪ ਦੇਣ ਦਾ ਅਣਥੱਕ ਜਤਨ ਕਰਦੀ ਆਪਣੇ ਸਾਹਿਤਕ ਸਫ਼ਰ ਨੂੰ ਤੈਅ ਕਰਦੀ ਹੈ।

1996 ਤੋਂ ਲੈ ਕੇ ਹੁਣ ਤੀਕ ਲੇਖਿਕਾ ਦੀ ਕਲਮ ਕੋਮਲ ਜ਼ਜਬਾਤਾਂ ਨੂੰ ਬੜੀ ਸ਼ਿੱਦਤ ਅਤੇ ਸੰਜੀਦਗੀ ਨਾਲ ਬਿਆਨ ਕਰਦੀ ਸ਼ਬਦਾਂ ਦਾ ਸਿਲਸਿਲਾ ਤੋਰਦੀ 'ਸੁਣ ਨੀਂ ਜਿੰਦੇ' (1999)', 'ਚੰਦ ਸਿਤਾਰੇ ਮੇਰੇ ਵੀ ਨੇ (2005)', 'ਮੋਹ ਦੀਆਂ ਛੱਲਾਂ' (2011),'ਕਾਨੇ ਦੀਆਂ ਕਲਮਾਂ (2014)', 'ਰੁੱਖ ਤੇ ਪੰਛੀ (2017)', 'ਸ਼ਬਦ ਸੁਨੱਖੇ (2019)' ਅਤੇ 'ਗੁਸਤਾਖ਼ ਹਵਾ (2020)' ਆਦਿ ਕਾਵਿ-ਪੁਸਤਕਾਂ ਦੀ ਸਿਰਜਣਾ ਕਰਦੀ ਹੈ। ਕਵਿਤਾ ਦੇ ਨਾਲ-ਨਾਲ ਉਹ ਵਾਰਤਕ ਰਚਨਾ 'ਧੀ ਦਾ ਕਰਜ਼' (2019) ਅਤੇ ਕਹਾਣੀ ਸੰਗ੍ਰਹਿ 'ਤੋਹਫ਼ਾ' (2023) ਦੀ ਸਿਰਜਣਾ ਵੀ ਕਰਦੀ ਹੈ। ਇਸ ਦੇ ਨਾਲ ਨਾਲ ਹੀ ਉਸਦੇ ਕਹਾਣੀ ਸੰਗ੍ਰਹਿ ਤੋਹਫ਼ਾ ਦਾ ਅੰਗ੍ਰੇਜ਼ੀ ਅਨੁਵਾਦ 'The Gift and other stories' (2024) ਸਿਰਲੇਖ ਅਧੀਨ ਕੀਤਾ ਜਾ ਚੁੱਕਿਆ ਹੈ। ਇੰਞ ਲੇਖਿਕਾ ਸੁਰਿੰਦਰ ਗੀਤ ਜਿਥੇ ਪੰਜਾਬੀ ਸਾਹਿਤ ਖੇਤਰ ਵਿਚ ਆਪਣਾ ਘੇਰਾ ਵਸੀਹ ਕਰਦੇ ਹਨ ਓਥੇ ਅੰਗ੍ਰੇਜ਼ੀ

ਭਾਸ਼ਾ ਦੇ ਸਾਹਿਤ ਪ੍ਰੇਮੀਆਂ ਲਈ ਉਨ੍ਹਾਂ ਦੀ ਇਹ ਅਨੁਵਾਦਿਤ ਕਹਾਣੀਆਂ ਦੀ ਕਿਤਾਬ ਬਹੁ-ਭਾਸ਼ਾਈ ਪੱਧਰ ਤੇ ਸੰਵਾਦ ਰਚਾ ਕੇ ਉਨ੍ਹਾਂ ਦੇ ਪਾਠਕਾਂ ਦਾ ਘੇਰਾ ਹੀ ਹੋਰ ਵਸੀਹ ਨਹੀਂ ਕਰਦੀ ਸਗੋਂ ਅੰਤਰ-ਅਨੁਸ਼ਾਸਨੀ ਚਿੰਤਨ-ਮਨਨ ਦਾ ਸਬੱਬ ਵੀ ਬਣਦੀ ਹੈ। ਸੁਰਿੰਦਰ ਗੀਤ ਦੀ ਰਚਨਾਤਮਕ ਗਤੀਸ਼ੀਲਤਾ, ਸਮੇਂ ਦੇ ਹਾਣੀ ਹੋ ਕੇ ਚੱਲਣਾ, ਹਰ ਛੋਟੀ ਵੱਡੀ ਘਟਨਾ ਦਾ ਸੰਜੀਦਾ ਹੁੰਗਾਰਾ ਭਰਨਾ, ਹਰ ਸਥੂਲ ਤੋਂ ਸੂਖਮ ਵੱਲ ਪਹੁੰਚ ਕਰਨੀ ਅਤੇ ਲੋਕ ਹਿੱਤਾਂ ਦੀ ਨਬਜ਼ ਪਛਾਣਨੀ, ਉਸ ਉਪਰ ਪਹਿਰਾ ਦੇਣਾ ਅਤੇ ਆਪਣੀ ਬੇਬਾਕੀ ਨੂੰ ਕਾਇਮ ਰੱਖਣਾ ਆਦਿ ਉਸਦੀ ਕਲਾਤਮਕ ਖ਼ੂਬੀਆਂ ਹੀ ਨਹੀਂ ਬਣਦੀਆਂ, ਸਗੋਂ ਉਸਦੀ ਚੇਤਨਾ ਦੇ ਜਗਦੇ-ਮਘਦੇ ਹੋਣ ਦਾ ਪ੍ਰਮਾਣ ਬਣਦੀਆਂ ਹਨ। ਇਹ ਗਿਆਨ ਦੀ ਰੌਸ਼ਨੀ ਹੋਰ ਵੀ ਜਗਮਗ ਹੁੰਦੀ ਹੈ ਜਦੋਂ ਇਹ ਸੁਰਤਿ ਸ਼ਬਦਾਂ ਦਾ ਕਲਮੀ ਜਾਮਾ ਪਹਿਨਦੀ ਹੈ ਤਾਂ ਉਹ ਜਿੰਨੀ ਸਪਸ਼ਟਤਾ ਨਾਲ ਆਪਣੀ ਗੱਲ ਨੂੰ ਕਹਿੰਦੀ ਹੈ ਉਹ ਉਸਦੀ ਸੁਹਿਰਦ ਅਤੇ ਸੁਲਝੀ ਹੋਈ ਮਾਨਸਿਕਤਾ ਦਾ ਹੀ ਪ੍ਰਤਿਰੂਪ ਬਣਦਾ ਹੈ। "ਉਸ ਦੀ ਗਜ਼ਲਕਾਰੀ ਦਾ ਪ੍ਰਮੁੱਖ ਵਿਸ਼ਾ ਵਸਤੂ ਮਨੁੱਖ ਦਾ ਬਹੁ ਕਿਸਮੀ ਸਮਾਜਕ ਆਰਥਕ, ਧਰਮਾਂ ਜਾਤਾਂ ਦੇ ਨਾਂ ਤੇ ਅਵਿਗਿਆਨਕ, ਤਰਕਹੀਣ, ਦੰਭਾਂ, ਪਾਖੰਡਾਂ, ਆਡੰਬਰਾਂ ਜ਼ਰੀਏ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਹੈ। ਉਹ ਸਰਲ ਤੇ ਸਹਿਜ ਜੁਗਤ ਨਾਲ ਉਸ ਵਰਗ ਦੇ ਹਿਤ ਤੇ ਹੱਕ ਵਿਚ ਲਗਾਤਾਰ ਆਪਣੇ ਚਿੰਤਨ ਤੇ ਚੇਤਨਾ ਦਾ ਪਸਾਰਾ ਬਤੌਰ ਜ਼ਿੰਮੇਵਾਰ ਸਾਹਿਤਕਾਰ ਕਰਦੀ ਹੋਈ ਹਨੇਰਗਰਦੀ ਤੇ ਦਹਿਸ਼ਤਗਰਦੀ ਦੇ ਖਿਲਾਫ਼ ਆਪਣੇ ਵਿੱਤ ਮੂਜਬ ਸਮਕਾਲੀ ਸਥਿਤੀਆਂ ਉੱਤੇ ਲਗਾਤਾਰ ਵਾਰ ਕਰਦੀ ਹੈ"। (ਬਲਬੀਰ ਮਾਧੋਪੁਰੀ, 2025, ਪੰ. 10)

ਕਾਵਿ-ਪੁਸਤਕ 'ਗੁਸਤਾਖ਼ ਹਵਾ' ਸ਼ਾਇਰਾ ਦੀ ਅੱਠਵੀਂ ਰਚਨਾ ਹੈ। ਪਹਿਲੀਆਂ ਸੱਤ ਕਾਵਿ-ਪੁਸਤਕਾਂ ਦੀ ਗਤੀਸ਼ੀਲਤਾ ਵਿੱਚ ਇਸ ਨੂੰ ਦੇਖਣਾ ਵਧੇਰੇ ਤਰਕਸੰਗਤ ਹੋਵੇਗਾ ਕਿਉਂ ਜੋ ਹਵਾ ਦੇ ਗੁਸਤਾਖ਼ ਹੋਣ ਦਾ ਸਫ਼ਰ ਇਸ ਕਾਵਿ-ਸਫ਼ਰ ਦੇ ਸਮਾਂਤਰ ਤੁਰਦਾ ਹੈ। ਹਵਾ ਜਿਹੜੀ ਕਿ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਪਵਨ ਗੁਰੂ' ਕਿਹਾ ਉਹ ਅੱਜ ਇੱਕੀਵੀਂ ਸਦੀ ਵਿੱਚ 'ਗੁਸਤਾਖ਼' ਕਿਵੇਂ ਹੋ ਗਈ ? ਆਪਣੇ ਆਪ ਵਿੱਚ ਇਹ ਨੁਕਤਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਸ਼ਾਇਰਾ ਦਾ ਗੁੱਝਾ ਕਟਾਖ਼ਸ਼ ਇੱਥੇ ਪਾਠਕਾਂ ਦਾ ਧਿਆਨ ਖਿੱਚਦਾ ਹੈ ਕਿ ਸਾਡੇ ਚੌਗਿਰਦੇ ਵਿਚ ਐਸਾ ਕੀ-ਕੀ ਵਾਪਰ ਗਿਆ ਜੋ ਰਾਜਨੀਤਿਕ, ਸਮਾਜਕ, ਸਭਿਆਚਾਰਕ, ਆਰਥਕ ਅਤੇ ਧਾਰਮਕ ਪੱਖੋਂ ਗੁਸਤਾਖ਼ ਸਥਿਤੀਆਂ ਨੇ ਘਰ ਕਰ ਲਿਆ ਹੈ। ਸ਼ਾਇਰਾ ਦੀ ਸਿੱਖ ਧਾਰਮਕ ਆਸਥਾ ਬੜੀ

ਸ਼ਿੱਦਤ ਨਾਲ ਕਾਵਿ-ਰਚਨਾਵਾਂ ਦੇ ਆਰ-ਪਾਰ ਫੈਲਦੀ ਪਿੱਠਭੂਮੀ ਵਿੱਚ ਪ੍ਰਕਾਰਜਸ਼ੀਲ ਰਹਿੰਦੀ ਹੈ। ਉਸ ਦੀ ਇਹ ਸੋਚ ਮਾਨਵੀ ਸਰੋਕਾਰਾਂ ਨੂੰ ਹੀ ਨਹੀਂ ਪੇਸ਼ ਕਰਦੀ ਸਗੋਂ ਮਨੁੱਖਤਾ ਉਪਰ ਪਹਿਰਾ ਵੀ ਦਿੰਦੀ ਹੈ। ਅਜੋਕੀ ਲੁੱਟ-ਖਸੁੱਟ, ਅਮਾਨਵੀ ਵਿਹਾਰ, ਅਨੈਤਿਕਤਾ, ਬੇਈਮਾਨੀ ਅਤੇ ਆਤੰਕੀ ਮਾਹੌਲ ਨੂੰ ਸ਼ਾਇਰਾ ਕਟਾਖਸ਼ੀ ਸੁਰ ਵਿਚ ਮੁਖ਼ਾਤਿਬ ਹੁੰਦੀ ਬੇਬਾਕੀ ਨਾਲ ਮਨੁੱਖਤਾ ਦੇ ਹਿਤ ਵਿੱਚ ਆਪਣੀ ਆਵਾਜ਼ ਬੁਲੰਦ ਕਰਦੀ ਕਵਿਤਾ ਨੂੰ ਇਸ ਦਾ ਮਾਧਿਅਮ ਬਣਾਉਂਦੀ ਹੈ। ਇੰਝ ਉਸ ਦੀ ਸੁਰਤਿ ਸ਼ਬਦਾਂ ਦੇ ਰਾਹੀਂ ਅਜਿਹੀ ਕ੍ਰਾਂਤੀ ਸਿਰਜਦੀ ਹੈ ਜਿਹੜੀ ਦਮਿਤ ਵਿਅਕਤੀ ਦੇ ਹੱਕ ਵਿਚ ਖੜਦੀ ਹੈ :-

"ਕਵਿਤਾ ਤੂੰ ਆ
ਪਰ ਇਸ ਤਰ੍ਹਾਂ ਆ
ਕਿ ਤੇਰੇ ਆਉਣ ਤੇ
ਠੰਡੇ ਚੁਲਿਆ 'ਚ ਅੱਗ
ਬਲ ਪਵੇ
ਭੁੱਖ ਦੀ ਅੱਗ ਨੂੰ
ਠੁੱਲ੍ਹ ਪਵੇ
ਫੁੱਟ – ਪਾਥਾਂ ਤੇ ਸੁੱਤਿਆ ਨੂੰ
ਘਰ ਮਿਲ ਜਾਵੇ
ਚੋਦੀਆ ਛੁੱਗੀਆਂ ਤੇ
ਛੱਤ ਪਵੇ" (ਪੰਨਾ-15)

ਇੰਝ ਸ਼ਾਇਰਾ ਦੀ ਸੰਵੇਦਨਸ਼ੀਲਤਾ ਕਵਿਤਾ ਨੂੰ ਮੁਖ਼ਾਤਬ ਹੁੰਦੀ ਮਨੁੱਖਤਾ ਦੀ ਬਾਤ ਪਾਉਂਦੀ ਹੈ। ਦਮਿਤ ਵਰਗ ਦੇ ਹੱਕ ਦੀ ਗੱਲ ਕਰਦੀ ਉਨ੍ਹਾਂ ਦੀ ਮੂਲ ਲੋੜਾਂ ਤੋਂ ਵਿਰਵੀ ਜ਼ਿੰਦਗੀ ਨੂੰ ਪਾਠਕਾਂ ਦੀ ਨਜ਼ਰ ਕਰਦੀ ਹੈ। ਇੱਥੇ ਸ਼ਾਇਰਾ ਦੀ ਚੇਤਨਾ ਦੋਹਰੇ ਪ੍ਰਕਾਰਜ ਨਾਲ ਜੁੜੀ ਹੈ, ਇੱਕ ਬੰਨੇ ਉਹ ਲੋੜਵੰਦਾਂ ਦੀਆਂ ਥੁੜ੍ਹਾਂ ਨੂੰ ਕੇਂਦਰ ਵਿਚ ਰੱਖਦੀ ਹੈ ਤੇ ਦੂਜੇ ਬੰਨੇ ਉਹ ਕਵਿਤਾ ਨੂੰ ਅਰਜ਼ ਕਰ ਰਹੀ ਹੈ, ਭਾਵ ਸ਼ਬਦਾਂ ਤੋਂ ਆਸ ਕਰਦੀ ਹੈ ਕਿ ਉਹ ਨਿਥਾਂਵਿਆਂ ਲਈ ਥਾਂ ਬਣ ਕੇ ਬਹੁੜਣ। ਕਲਮਕਾਰ ਦੀ ਕਲਮ ਸਮਾਜਕ ਕ੍ਰਾਂਤੀ ਨੂੰ ਸਿਰਜਦੀ ਅਜਿਹੇ ਬਦਲਾਵ ਦੀ ਸੋਚ ਰੱਖਦੀ ਹੈ ਜਿਥੇ ਠੰਡੇ ਪਏ ਚੁੱਲ੍ਹੇ ਵਿੱਚ ਅੱਗ ਬਲੇ, ਭਾਵ ਹਰ ਗ਼ਰੀਬ ਨੂੰ ਰੋਟੀ ਨਸੀਬ ਹੋਵੇ। ਇੰਝ ਸ਼ਾਇਰਾ ਦੀ ਸੁਰਤਿ ਸ਼ਬਦਾਂ ਰਾਹੀਂ ਕ੍ਰਾਂਤੀ

ਦਾ ਅਜਿਹਾ ਦ੍ਰਿਸ਼ ਸਾਕਾਰ ਕਰਦੀ ਹੈ ਜਿਹੜਾ ਕਿ ਗੁੱਝਾ ਵਿਅੰਗ ਬਣ ਇਹ ਸੁਆਲ ਖੜ੍ਹਾ ਕਰਦਾ ਹੈ ਕਿ ਚੁੱਲ੍ਹੇ ਕਦੋਂ ਤੱਕ ਠੰਡੇ ਰਹਿਣਗੇ? ਫੁੱਟਪਾਥਾਂ ਤੇ ਲੋਕ ਕਦੋਂ ਤਕ ਸੌਂਦੇ ਰਹਿਣਗੇ? ਜਾਂ ਚੋਦੀਆਂ ਛੱਤਾਂ ਕਦੋਂ ਤਕ ਰਹਿਣਗੀਆਂ? ਆਦਿ ਜਿਸ ਲਾਚਾਰੀ ਬੇਬਸੀ ਨੂੰ ਪੇਸ਼ ਕਰਨ ਵਾਲੀਆਂ ਸਥਿਤੀਆਂ ਹਨ ਉਨ੍ਹਾਂ ਲਈ ਅਮਾਨਵੀ ਵਿਹਾਰ ਕਦੋਂ ਤਕ ਅਨੈਤਿਕਤਾ ਦਾ ਮਾਹੌਲ ਬਣਾਈ ਰੱਖੇਗਾ ਕੀ ਇਸ ਨੂੰ ਕਦੇ ਠੱਲ੍ਹ ਪਵੇਗੀ ਜਾਂ ਗ਼ਰੀਬ ਵਿਅਕਤੀ ਪੀੜ੍ਹੀ ਦਰ ਪੀੜ੍ਹੀ ਇਸ ਪੀੜਾ ਨੂੰ ਹੀ ਹੰਢਾਉਂਦਾ ਰਹੇਗਾ। ਰਚਨਾਕਾਰ ਕਵੀ ਅੱਗੇ ਵੀ ਪ੍ਰਸ਼ਨ ਰੱਖਦੀ ਹੈ ਕਿ ਤੇਰੀ ਕਲਮ ਸਿਰਫ਼ ਤੇਰੀ ਹੈ, ਇਸ ਉੱਤੇ ਕਿਸੇ ਦਾ ਅਧਿਕਾਰ ਜਾ ਦਬਦਬਾ ਨਹੀਂ ਹੋਣਾ ਚਾਹੀਦਾ, ਭਾਵ ਲੇਖਕ/ ਕਵੀ ਸੁਤੰਤਰ ਰਹਿ ਕੇ ਸੱਚ ਨੂੰ ਬਿਆਨ ਕਰਨ ਦੀ ਜ਼ੁਰਅਤ ਰੱਖਣ ਵਾਲਾ ਹੋਣਾ ਚਾਹੀਦਾ ਹੈ, ਕਲਮ ਅੰਦਰ ਟੱਕਰ ਲੈਣ ਦੀ ਤਾਕਤ ਹੈ ਤੇ ਇਹ ਤਾਕਤ ਹੀ ਕ੍ਰਾਂਤੀ ਦਾ ਸੂਚਕ ਹੈ। ਅਜੋਕੇ ਮਨੁੱਖ ਦੇ ਬੌਣੇਪਨ ਦੀ ਗੱਲ ਕਰਦੀ ਉਹ ਧਰਤੀ ਉਪਰ ਅੱਗ ਦੇ ਖਿਡੌਣਿਆਂ ਦੀ ਗੱਲ ਕਰਦੀ ਕਹਿੰਦੀ ਹੈ ਕਿ ਕਵਿਤਾ ਮੈਨੂੰ ਝੰਜੋੜਦੀ ਹੈ ਤੇ ਅੱਥਰੂ ਬਣ ਕੋਰੇ ਪੰਨਿਆਂ ਉਪਰ ਫੈਲਦੀ ਜਾਂਦੀ ਹੈ। ਕੁਦਰਤ ਤੋਂ ਪਾਰ ਜਾਣ ਦੀ ਮਨੁੱਖ ਦੀ ਤਾਂਘ ਜਦੋਂ ਕੁਦਰਤ ਮਹਾਂਮਾਰੀ ਵਜੋਂ ਆਫ਼ਤ ਬਣ, ਚਾਰੇ ਪਾਸੇ ਪੈਰ ਪਸਾਰਦੀ ਹੈ ਤਾਂ ਵੱਡੇ ਵੱਡੇ ਸਿਰਾਂ ਵਾਲਿਆਂ ਦਾ ਅਸਲ ਬੌਣੇਪਨ ਵਿੱਚ ਵੱਟਦਾ ਵੀ ਸਹਿਜ ਹੀ ਸਪਸ਼ਟ ਹੁੰਦਾ ਹੈ। ਸ਼ਾਇਰਾ ਕਵਿਤਾ ਤੇ ਕਵੀ ਦੋਹਾਂ ਨੂੰ ਬੜੀ ਸੰਜੀਦਗੀ ਨਾਲ ਮੁਖ਼ਾਤਿਬ ਹੁੰਦੀ, ਦੋਹਾਂ ਤੋਂ ਆਸ ਰੱਖਦੀ ਕਿ ਦੋਵੇਂ ਨਿਰਪੇਖ, ਜਾਗਦੀ ਜ਼ਮੀਰ ਵਾਲੇ, ਸੱਚ ਨੂੰ ਬਿਆਨ ਕਰਨ ਵਾਲੇ ਹੋਣੇ ਚਾਹੀਦੇ ਹਨ ਤਾਂ ਜੋ ਮਨੁੱਖਤਾ ਦੀ ਸੇਵਾ ਇਨ੍ਹਾਂ ਦਾ ਮੂਲ ਮਕਸਦ ਹੋ ਨਿਬੜੇ ਅਤੇ ਹਰ ਰਾਹ ਰੋਸ਼ਨ ਨਜ਼ਰ ਆਵੇ। ਨਾ ਕਿ ਕਵਿਤਾ ਤੇ ਕਵੀ ਕੰਡੇ ਬਿਖੇਰਨ ਵਾਲੇ ਹੋਣ ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਚੁਗਦੀਆਂ ਰਹਿਣ, ਨਤੀਜਨ ਦੋ ਧਿਰਾਂ ਦੀ ਪਾੜ ਘਟਣ ਦੀ ਥਾਵੇਂ ਵੱਧਦੀ ਹੀ ਜਾਂਦੀ ਹੈ। ਇੰਝ ਆਤਮ ਚਿੰਤਨ ਤੋਂ ਮੰਥਨ ਤੀਕ ਦੀ ਇਹ ਸਥਿਤੀ ਸਰਲ ਸਾਦਾ ਸ਼ਬਦਾਵਲੀ ਰਾਹੀਂ ਗਹਿਰ ਗੰਭੀਰ ਨੁਕਤਿਆਂ ਸੰਗ, ਮਾਨਵਤਾ ਦਾ ਪੱਖ ਉਭਾਰਦੀ ਹੈ :

"ਪਰ
ਉਹ ਨਹੀਂ ਜਾਣਦੇ
ਕਿ ਸਾਡੀ ਕਵਿਤਾ ਵਿੱਚ
ਉਸ ਜਫ਼ਰਨਾਮੇ ਦੀ ਤਾਸੀਰ ਹੈ

ਜਿਸਨੂੰ ਪੜ੍ਹ ਕੇ
ਔਰੰਗਜ਼ੇਬ ਦੇ
ਦਿਲ ਦੀ ਧੜਕਣ
ਰੁਕ ਜਾਂਦੀ ਹੈ।" (ਪੰਨਾ- 63)

"ਕਵਿਤਾ ਮੁਸਕਰਾਈ
ਗੁਸਤਾਖ਼ ਹਵਾ ਦੀਆਂ
ਅੱਖਾਂ ਵਿੱਚ ਅੱਖਾਂ ਪਾ ਕੇ ਬੋਲੀ
ਮੈਂ ਕਵੀ ਦੀ ਕਲਮ ਦੀ
ਤਿੱਖੀ ਨੋਕ ਚੋ ਜਨਮੀ
ਕਵਿਤਾ ਹਾਂ।" (ਪੰਨਾ 76)

ਸੁਰਿੰਦਰ ਗੀਤ ਆਪਣੀ ਰੋਸ਼ਨ ਚੇਤਨਾ ਨੂੰ ਜ਼ਫਰਨਾਮੇ ਦੀ ਪੁਖ਼ਤਾ ਧਰਾਤਲ 'ਚੋਂ ਤਰਾਸ਼ਦੀ ਹੈ, ਜਿਥੇ ਔਰੰਗਜ਼ੇਬ ਵਰਗੇ ਹੁਕਮਰਾਨ ਦਾ ਫੁਰਮਾਨ ਵੀ ਕਵਿਤਾ ਭਾਵ ਸ਼ਬਦ ਦੀ ਤਾਕਤ ਨੂੰ ਕਮਜ਼ੋਰ ਨਹੀਂ ਕਰ ਪਾਉਂਦਾ। ਸੱਤਾਧਾਰੀ ਦੀ ਦਮਨਕਾਰੀ ਤੇ ਕੂਟਨੀਤਕ ਰਣਨੀਤੀ ਵੀ ਸ਼ਬਦ ਦੀ ਸਮਰੱਥਾ ਮੂਹਰੇ ਮੱਧਮ ਪੈ ਜਾਂਦੀ ਹੈ ਭਾਵ ਕਿਸੇ ਵੀ ਸ਼ਾਇਰ ਨੂੰ ਕੋਈ ਵੀ ਔਰੰਗਜ਼ੇਬੀ ਫ਼ੁਰਮਾਨ ਤਦ ਤਕ ਢਾਅ ਨਹੀਂ ਲਾ ਸਕਦਾ ਜਦੋਂ ਤੱਕ ਸ਼ਾਇਰ ਖ਼ੁਦ ਗੁਸਤਾਖ਼ ਹਵਾ ਦੀ ਰੋਅ ਵਿਚ ਨਹੀਂ ਵਹਿੰਦਾ। ਸ਼ਾਇਰ ਭਾਵ ਸ਼ਬਦ ਆਪਣੇ ਆਪ ਵਿਚ ਤਾਕਤ ਹਨ ਜਿਹੜੇ ਹਵਾ ਦਾ ਰੁਖ਼ ਬਦਲ ਦਿੰਦੇ ਹਨ। ਇੱਥੇ ਉਹ ਜ਼ਫ਼ਰਨਾਮੇ ਦੇ ਮੈਟਾਫਰ /ਚਿਹਨ ਰਾਹੀਂ ਪੰਜ ਸਦੀਆਂ ਦੇ ਇਤਿਹਾਸ ਨੂੰ ਕਲੇਵਰ ਵਿਚ ਲੈਂਦੀ ਜ਼ਬਰ ਤੇ ਜ਼ੁਲਮ ਨੂੰ ਦੁਹਰਾਉਣ ਦੀ ਗੱਲ ਨਹੀਂ ਕਰਦੀ ਸਗੋਂ, ਸ਼ਾਇਰ, ਕਲਮ ਅਤੇ ਕਵਿਤਾ ਸੰਗ ਸਮਾਜਕ ਕ੍ਰਾਂਤੀ ਨੂੰ ਕੇਂਦਰ ਵਿਚ ਰੱਖਦੀ ਸਮਾਜਕ, ਸਭਿਆਚਾਰਕ, ਰਾਜਨੀਤਿਕ ਅਤੇ ਧਾਰਮਕ ਸਰੰਚਨਾਵਾਂ ਨੂੰ ਵਿਕੇਂਦ੍ਰਿਤ ਕਰਦੀ ਹੈ। ਕਵਿਤਾ ਰਾਹੀਂ ਉਹ ਇਤਿਹਾਸਕ ਸੱਚ ਦੇ ਬਿੰਬ ਰਾਹੀਂ ਵਰਤਮਾਨ ਤੋਂ ਭਵਿੱਖ ਵੱਲ ਸਫ਼ਰ ਕਰਦੀ ਅਨੈਤਿਕਤਾ ਅਤੇ ਅਮਾਨਵੀ ਵਿਹਾਰਾਂ ਵਾਲੀ ਸੋਚ ਨੂੰ ਵਿਰਚਿਤ ਕਰਦੀ ਸ਼ਾਇਰ ਦੀ ਤਾਕਤ ਅਤੇ ਸ਼ਬਦ ਦੀ ਤਾਕਤ ਦੇ ਨੁਕਤੇ ਨੂੰ ਦ੍ਰਿੜ੍ਹ ਕਰਦੀ ਹੈ। ਕਵਿਤਾ ਦਮਨਕਾਰੀ ਸੋਚ ਨੂੰ ਪ੍ਰਤੀਉੱਤਰ ਵਜੋਂ ਟੱਕਰਦੀ ਹੈ, ਪਰ ਜੇਕਰ ਸ਼ਾਇਰ ਦੀ ਜ਼ਮੀਰ ਬਰਕਰਾਰ ਰਹੇ ਇਹ ਤਾਂ ਹੀ ਸੰਭਵ ਹੈ। ਫਿਰ ਇਹ ਪ੍ਰਤੀ

ਉੱਤਰ ਹਾਕਮ ਨੂੰ ਅਮਾਨਵੀ ਵਿਹਾਰ ਵਾਲੀ ਕਦਰਾਂ- ਕੀਮਤਾਂ ਤੋਂ ਪਰਾਹਨ ਕਰਨ ਦਾ ਸੰਕੇਤ ਬਣਦਾ ਹੈ। ਇੰਝ ਸ਼ਬਦ ਦੀ ਤਾਕਤ ਨੂੰ ਉਹ ਹੀ ਲਿਖਾਰੀ ਸਿਆਣ ਸਕਦਾ ਹੈ ਜਿਸ ਦੀ ਸੋਚ/ਮਾਨਸਿਕਤਾ ਹੁਕਮਰਾਨ ਦੇ ਦਬਦਬੇ ਤੋਂ ਮੁਕਤ ਹੋ, ਮੋਕਲੀ ਉਡਾਰੀ ਭਰਨ ਦੀ ਤਾਂਘ ਰੱਖਦੀ ਹੈ।

ਪਰਵਾਸ ਬਾਰੇ ਗੱਲ ਕਰਦਿਆਂ ਸੁਰਿੰਦਰ ਗੀਤ ਪਰਵਾਸੀ ਮਨੁੱਖ ਦੀ ਸਥਿਤੀ ਨੂੰ ਕੇਂਦਰ ਵਿਚ ਰੱਖਦੀ ਹੈ, ਫਿਰ ਉਹ ਪਰਵਾਸ, ਭਾਵੇਂ ਮੁਲਕ ਅੰਦਰਲਾ ਹੋਵੇ ਜਾਂ ਫਿਰ ਮੁਲਕ ਤੋਂ ਬਾਹਰ ਭਾਵ ਵਿਦੇਸ਼ ਦਾ ਪਰਵਾਸੀ ਜੀਵਨ ਹੋਵੇ, ਦੋਹਾਂ ਹੀ ਸਥਿਤੀਆਂ ਵਿੱਚ ਮਨੁੱਖ ਨੂੰ ਬੇਘਰੇ ਹੋਣ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ। ਜੜ੍ਹਾਂ ਤੋਂ ਵਿਰਵੇ ਹੋਣ ਦੀ ਇਹ ਸਥਿਤੀ ਦੋਹਾਂ ਤਰ੍ਹਾਂ ਦੇ ਪਰਵਾਸ ਸਮੇਂ ਵੱਖਰੇ-ਵੱਖਰੇ ਅਨੁਭਵ, ਅਹਿਸਾਸ ਅਤੇ ਪੀੜਾ ਨੂੰ ਸਿਰਜਦੀ ਹੈ। ਆਪਣੇ ਹੀ ਮੁਲਕ ਵਿਚਲਾ ਪਰਵਾਸੀ ਮਜ਼ਦੂਰ ਆਪਣਿਆਂ ਦੇ ਹੱਥੋਂ ਹੀ ਦਮਿਤ ਹੁੰਦਾ ਅਮਾਨਵੀ ਵਿਹਾਰ ਦਾ ਸ਼ਿਕਾਰ ਹੁੰਦਾ ਹੈ। ਪਰਾਏ ਮੁਲਕਾਂ ਵਿਚ ਵਿਚਰਦਾ ਪਰਵਾਸੀ ਮਨੁੱਖ ਸਭਿਆਚਾਰਕ ਤਣਾਓ ਨੂੰ ਭੋਗਦਾ ਆਪਣੀ ਸਪੇਸ ਦੀ ਤਲਾਸ਼ ਵਿਚ ਭਟਕਦਾ ਹੈ ਪਰ ਮੁੜ ਪਰਤਣ ਤੀਕ ਉਹ ਅਨੇਕ ਵਾਰ ਉਦਰੇਵੇਂ ਦਾ ਸ਼ਿਕਾਰ ਹੁੰਦਾ ਹੈ, ਅਕਸਰ ਹੀ ਜਦੋਂ ਕਦੇ ਉਹ ਜੜ੍ਹਾਂ ਵਲ ਫੇਰਾ ਪਾਉਂਦਾ ਹੈ ਤਾਂ ਪਿੱਛੇ ਰਹਿ ਗਏ ਖ਼ਾਲੀ ਮਕਾਨ ਦੀਆਂ ਕੰਧਾਂ, ਵਿਹੜੇ ਵਿਚ ਚੜ੍ਹ ਆਏ ਘਾਹ ਦਾ ਦ੍ਰਿਸ਼ ਦੇਖ ਗ਼ਮਗੀਨ ਅਵਸਥਾ ਵਿਚ ਪਹੁੰਚ ਜਾਂਦਾ ਹੈ :

"ਮਾਂ ਦੀ ਮੌਤ ਦੀ ਖ਼ਬਰ ਸੁਣ ਕੇ
ਵਿਦੇਸ਼ ਤੋਂ ਪਰਤਣਾ
ਸਮੇਂ ਸਿਰ ਨਾ ਪੁੱਜ ਸਕਣਾ
ਮਾਂ ਦੀ ਚਿੱਖਾ ਨੂੰ
ਸ਼ਰੀਕਾਂ ਦਾ ਅੱਗ ਦਿਖਾਉਣਾ
ਤੇ ਆਪ
ਬਲਦੀ ਚਿੱਖਾ ਵੱਲ ਚੁੱਪਚਾਪ ਦੇਖੀ ਜਾਣਾ।" (ਪੰਨਾ - 103)

***

"ਦੋ ਤਿੰਨ ਸੌ ਮਜ਼ਦੂਰਾਂ ਨੂੰ
ਇਕੱਠੇ

ਖੁੱਲ੍ਹੇ ਮੈਦਾਨ ਵਿੱਚ
ਪਸ਼ੂਆਂ ਵਾਂਗ ਬਿਠਾ
ਜ਼ਹਿਰੀਲੇ ਪਾਣੀ ਦੀਆਂ ਬੁਛਾੜਾਂ ਪਾ
ਬਿਮਾਰੀ ਦੇ ਕਿਟਾਣੂਆਂ ਦੇ ਨਾਲ ਨਾਲ
ਗ਼ਰੀਬੀ
ਭੁੱਖ
ਬੇਵੱਸੀ
ਅਤੇ ਮਜ਼ਬੂਰੀ ਦੇ ਕਿਟਾਣੂਆਂ ਤੋਂ ਵੀ
ਮੁਕਤ ਕਰਵਾਇਆ ਜਾ ਸਕਦਾ ਹੈ।" (ਪੰਨਾ - 118)

ਇਵੇਂ ਸ਼ਾਇਰਾ ਪਰਵਾਸ ਦੇ ਦੋ ਵੱਖਰੇ ਬਿੰਬਾਂ ਰਾਹੀਂ ਦੋ ਸਥਿਤੀਆਂ ਹੀ ਨਹੀਂ ਸਿਰਜ ਰਹੀ ਸਗੋਂ ਉਸ ਦੀ ਸੰਵੇਦਨਸ਼ੀਲਤਾ ਪਰਵਾਸ ਦੀ ਵੰਗਾਰਮਈ ਜ਼ਿੰਦਗੀ, ਜਜ਼ਬਾਤਾਂ ਦਾ ਘਾਣ, ਮਹਾਂਮਾਰੀ ਵਰਗੀ ਭੁੱਖ, ਗ਼ਰੀਬੀ ਤੇ ਬੇਵੱਸੀ ਆਦਿ ਨੂੰ ਗੁੱਝੇ ਵਿਅੰਗ ਰਾਹੀਂ ਸਿਰਜਦੀ ਹੈ। ਹਕੂਮਤਾਂ ਨੂੰ ਸੰਬੋਧਿਤ ਹੁੰਦੀ ਉਹ ਵਰਤਮਾਨ ਤੋਂ ਅਤੀਤ ਤੇ ਭਵਿੱਖ ਵੱਲ ਨੂੰ ਸਫ਼ਰ ਕਰਦੀ ਗ਼ਰੀਬ ਮਨੁੱਖ ਦੀ ਗੱਲ ਕਰਦੀ ਉਸਦੀ ਨਾ ਬਦਲਣ ਵਾਲੀ ਸਥਿਤੀ ਨੂੰ ਪਾਠਕਾਂ ਦੀ ਨਜ਼ਰ ਕਰਦੀ ਹੈ। ਡਿਜੀਟਲ ਇੰਡੀਆ ਦੇ ਸੰਕਲਪ ਨੂੰ ਕਟਾਖ਼ਸ਼ੀ ਸੁਰ ਵਿਚ ਬਿਆਨ ਕਰਦੀ ਉਹ ਅਵਾਮ ਮੂਹਰੇ ਪ੍ਰਸ਼ਨ ਰੱਖਦੀ ਹੈ, ਕਿ ਇਕ ਬੰਨੇ ਅਸੀਂ ਸੂਚਨਾ ਤਕਨਾਲੋਜੀ ਦੀ ਸਪੇਸ ਵਿੱਚ ਵਿਚਰ ਰਹੇ ਹਾਂ ਦੂਜੇ ਬੰਨੇ ਸਾਡੀ ਗ਼ਰੀਬੀ ਰੇਖਾ ਦੇ ਥੱਲੇ ਵਿਚਰਨ ਵਾਲੀ ਜਨਤਾ ਅੱਜ ਵੀ ਰੋਜ਼ੀ-ਰੋਟੀ ਲਈ ਦਰ ਦਰ ਭਟਕ ਰਹੀ ਕੁਦਰਤੀ ਵੰਗਾਰਾਂ ਨਾਲ ਨਜਿੱਠਣ ਲਈ ਆਪਣੇ ਘਰਾਂ ਵੱਲ ਨੂੰ ਪਰਤਦੀ ਲਹੂ- ਲੁਹਾਨ ਹੁੰਦੀ ਅਮਾਨਵੀ ਵਤੀਰੇ ਦਾ ਸ਼ਿਕਾਰ ਹੁੰਦੀ ਹੈ। ਜਿਥੇ ਸਲਤਨਤ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਇਨ੍ਹਾਂ ਲੋੜਵੰਦਾਂ, ਬੇਘਰਿਆਂ ਦੀ ਮਦਦ ਲਈ ਕੋਈ ਰਾਹਦਾਰੀ ਲੱਭਦੀ, ਸਗੋਂ ਉਨ੍ਹਾਂ ਦਾ ਪ੍ਰਸ਼ਾਸਨਿਕ ਅਮਲਾ ਇਨ੍ਹਾਂ ਨੂੰ ਤਸੀਹੇ ਦਿੰਦਾ ਇਨ੍ਹਾਂ ਨਾਲ ਅਨੈਤਿਕ ਵਿਹਾਰ ਰੱਖਦਾ ਹੈ। ਦੂਜੀ ਪਰਵਾਸ ਦੀ ਸਥਿਤੀ ਮਾਂ ਦੀ ਮੌਤ ਦੇ ਸਮੇਂ ਹਾਜ਼ਿਰ ਨ ਹੋ ਸਕਣ ਦੀ ਬੇਵਸੀ ਤੇ ਬਲਦੀ ਚਿਖਾ ਨੂੰ ਚੁੱਪਚਾਪ ਦੇਖਣ ਤਕ ਹੀ ਸੀਮਿਤ ਨਹੀਂ ਸਗੋਂ ਕਾਵਿ 'ਮੈਂ' ਦੀ ਮਾਨਸਿਕਤਾ ਲਗਾਤਾਰ ਖ਼ੁਦ ਚਿਖਾ ਹੋਣ ਦੇ ਅਹਿਸਾਸ ਨਾਲ ਬੱਝ ਜਾਂਦੀ ਹੈ ਅਤੇ ਦਰਦ ਦੀ ਇਹ ਸਥਿਤੀ ਇੱਕ ਨਾਸੂਰ ਵਾਂਗ ਘਰ ਕਰ ਜਾਂਦੀ ਹੈ। "ਸੁਰਿੰਦਰ ਦੀਆਂ ਕਵਿਤਾਵਾਂ ਵਿਚਲੀ ਅਹਿਸਾਸਾਂ, ਭਾਵਾਂ ਅਤੇ

ਵਿਚਾਰਾਂ ਦੀ ਖ਼ੂਬਸੂਰਤੀ ਇਸਦੀ ਸ਼ਕਤੀ ਹੈ ਤੇ ਉਸ ਦੀਆਂ ਕਵਿਤਾਵਾਂ ਵਿਚਲਾ ਸਰੋਦੀਪਨ ਵੀ ਉਸਦੀ ਸ਼ਕਤੀ ਹੈ, ਜਿਹੜੀ ਉਸਦੇ ਗੀਤਾਂ ਅਤੇ ਗ਼ਜ਼ਲਾਂ ਵਿੱਚ ਵਿਸ਼ੇਸ਼ ਤੌਰ 'ਤੇ ਨੁਮਾਇਆ ਹੁੰਦੀ ਹੈ"। (ਸੁਰਜੀਤ ਪਾਤਰ, 2022, ਪੰ. 20)

ਸੁਰਿੰਦਰ ਗੀਤ ਆਪਣੀ ਸ਼ਾਇਰੀ ਰਾਹੀਂ ਜਦੋਂ ਨਾਰੀ ਦੀ ਸਥਿਤੀ, ਭੂਮਿਕਾ ਜਾਂ ਹੋਂਦ ਬਾਰੇ ਗੱਲ ਕਰਦੀ ਹੈ ਤਾਂ ਉਹ ਉਸਦੀ ਮਨਫ਼ੀ ਕੀਤੀ ਜਾਂਦੀ ਰਹੀ ਹੋਂਦ ਨੂੰ ਕੇਂਦਰ ਵਿਚ ਰੱਖ ਨਾਰੀ ਅਸਤਿਤਵ ਪੱਖੋਂ ਗੱਲ ਕਰਦੀ ਹੈ। ਪਿੰਡ ਵਿੱਚ ਪਾਥੀਆਂ ਪੱਥਦੀ 'ਤਾਰੋ' ਹੋਵੇ ਜਾਂ ਤ੍ਰੇਤਾ ਯੁੱਗ ਦੀ ਸੀਤਾ, ਭਾਰਤ ਮਾਤਾ ਵਾਂਗ ਜਾਪਦੀ ਦਾਦੀ ਜਾਂ ਫਿਰ ਚੌਰਾਹਿਆਂ ਤੇ ਬੇਪੱਤ ਹੁੰਦੀ ਨਾਰੀ ਆਦਿ ਅਜਿਹੇ ਅਨੇਕ ਨਾਰੀ ਬਿੰਬ ਹਨ ਜਿਹੜੇ ਨਾਰੀ ਹੋਂਦ ਪੱਖੋਂ ਪਿਤਰਕੀ ਪ੍ਰਬੰਧ ਦੀਆਂ ਕਦਰਾਂ-ਕੀਮਤਾਂ ਤਹਿਤ ਆਪਣੀ ਪਛਾਣ ਤੋਂ ਵਿਰਵੇ ਹਨ। ਕਿਤੇ ਉਹ ਦੇਵੀ ਦਾ ਰੂਪ ਸਵੀਕ੍ਰਿਤ ਕੀਤੀ ਜਾਂਦੀ ਹੈ ਤੇ ਕਿਤੇ ਪਿਤਰੀ ਸੱਤਾ ਉਸ ਨੂੰ ਅਨੁਸ਼ਾਸਿਤ ਕਰਦੀ ਆਪਣੇ ਅਧੀਨ ਤੁਰਨ ਲਈ ਬੇਬਸ ਕਰਦੀ ਹੈ। ਨਾਰੀ ਮੁੱਢ ਤੋਂ ਹੀ ਆਪਣੇ ਘਰ-ਪਰਿਵਾਰ ਨੂੰ ਸਾਂਭਦੀ ਸਮਾਜਕ ਤ੍ਰਿਸਕਾਰ ਦੀ ਸ਼ਿਕਾਰ ਹੁੰਦੀ ਰਹੀ ਹੈ। ਜਿਵੇਂ-ਜਿਵੇਂ ਸਮਾਜ ਸੁਸਿੱਖਿਅਤ ਹੁੰਦੇ ਗਏ ਤਿਵੇਂ ਤਿਵੇਂ ਹੀ ਸਮਾਜਾਂ ਅੰਦਰ ਨਾਰੀ ਦੀ ਸਥਿਤੀ ਵੱਧ ਵੰਗਾਰਮਈ ਬਣਦੀ ਗਈ। ਸਰੀਰਕ ਤੇ ਮਾਨਸਿਕ ਤਸੀਹੇ ਝਲਦੀ ਉਹ ਭਾਵੇਂ ਸ੍ਰਿਸ਼ਟੀ ਦੀ ਸਿਰਜਕ ਕਹੀ ਜਾਂਦੀ ਰਹੀ ਹੋਵੇ, ਪਰ ਉਸ ਦਾ ਸਮਾਜਕ ਕੱਦ ਹਮੇਸ਼ਾ ਬੌਣੇਪਨ ਵੱਲ ਧੱਕਿਆ ਜਾਂਦਾ ਰਿਹਾ ਹੈ। ਮਰਦ ਸੱਤਾ ਦੀ ਨਾਰੀ ਨੂੰ ਹਾਸ਼ੀਆਕ੍ਰਿਤ ਕਰਨ ਦੀ ਰਣਨੀਤੀ ਉਸ ਦੀ ਸਰਦਾਰੀ ਵਾਂਗ ਪਛਾਣ ਹਾਸਲ ਕਰਦੀ ਹੈ ਉਥੇ ਦੂਜੇ ਪਾਸੇ ਨਾਰੀ ਹਾਸ਼ੀਏ ਅਧੀਨ ਵਿਚਰਦੀ ਦੇਖੀ ਜਾ ਸਕਦੀ ਹੈ ਜਿਥੇ ਕਿ ਉਹ ਆਪਣੇ ਅਧਿਕਾਰਾਂ ਤੋਂ ਵਾਂਝੀ ਮਰਦਾਵੀਂ ਸੱਤਾ ਵਾਲੀਆਂ ਕਦਰਾਂ-ਕੀਮਤਾਂ ਰਾਹੀਂ ਅਨੁਸ਼ਾਸਿਤ ਹੁੰਦੀ ਹੈ। ਮਿਥਿਕ ਪੌਰਾਣਿਕ ਸੰਸਾਰ ਤੋਂ ਵਰਤਮਾਨ ਤਕ ਉਹ ਔਰਤ ਹਸਤੀ ਦੇ ਵੱਖੋ-ਵੱਖਰੇ ਰੂਪ ਪਾਠਕਾਂ ਦੀ ਨਜ਼ਰ ਕਰਦੀ ਇੱਕੀਵੀਂ ਸਦੀ ਤੀਕ ਪਹੁੰਚ ਕਰਦੀ ਨਾਰੀ ਦੀ ਹੋਂਦ ਪੱਖੋਂ ਬਹੁਪਰਤੀ ਸਥਿਤੀਆਂ ਰਾਹੀਂ ਸੀਤਾ ਦੇ ਕਿਰਦਾਰ ਨੂੰ ਸਮਾਜਕ ਦ੍ਰਿਸ਼ਟੀ ਤੋਂ ਮੁਖ਼ਾਤਿਬ ਹੁੰਦੀ ਕਹਿੰਦੀ ਹੈ :

"ਰਾਮ ਨੇ
ਸੀਤਾ ਨੂੰ
ਜਿੱਤਿਆ ਸੀ
ਜਿੱਤੀ ਚੀਜ਼ ਤੇ

ਕਬਜ਼ਾ ਹੁੰਦਾ ਹੈ
ਪਿਆਰ ਨਹੀਂ " (ਪੰਨਾ- 64)

ਪਿਤਰੀ ਸੱਤਾ ਦੀਆਂ ਕਦਰਾਂ ਕੀਮਤਾਂ ਨਾਰੀ ਹਸਤੀ ਦੀ ਪਛਾਣ ਕਬਜ਼ੇ ਵਾਲੀ ਸੁਰ ਵਿਚ ਹੀ ਕਰਦੀ ਹੈ। ਰਾਵਣ ਨੇ ਸੀਤਾ ਨੂੰ ਚੋਰੀ ਕਰਕੇ ਆਪਣੇ ਕਬਜ਼ੇ ਵਿਚ ਰੱਖਿਆ, ਸ਼ਾਇਰਾ ਕਹਿੰਦੀ ਹੈ ਕਿ ਚੁਰਾਈ ਚੀਜ਼ ਨੂੰ ਪਿਆਰ ਨਹੀਂ ਕੀਤਾ ਜਾਂਦਾ ਲੁਕੋ ਕੇ ਰੱਖਿਆ ਜਾਂਦਾ ਹੈ, ਤਾਂ ਜੋ ਕਬਜ਼ਾ ਬਣਿਆ ਰਹੇ। ਇੰਝ ਸ਼ਾਇਰਾ ਸੀਤਾ ਤੇ ਕਬਜ਼ੇ ਦੇ ਵੱਖ-ਵੱਖ ਕਾਰਨਾਂ ਨੂੰ ਬਿਆਨ ਕਰਦੀ ਨਾਰੀ ਹੋਂਦ ਦੀ ਮਨਫ਼ੀ ਸਥਿਤੀ ਨੂੰ ਬਿਆਨ ਕਰਦੀ ਹੈ। ਇਹ ਸਥਿਤੀ ਵਰਤਮਾਨ ਵਿਚ ਆਪਣਾ ਰੂਪ ਵਟਾ ਅੱਜ ਆਮ ਚੌਰਾਹਿਆਂ ਤੀਕ ਪਹੁੰਚ ਕਰ ਗਈ ਹੈ। ਇੰਝ ਸ਼ਾਇਰਾ ਦੀ ਸੂਖ਼ਮ ਦ੍ਰਿਸ਼ਟੀ ਬਹੁਕਾਲਿਕ ਸਪੇਸ ਅੰਦਰ ਫੈਲਦੀ ਨਾਰੀ ਹੋਂਦ ਦੀ ਸ਼ਨਾਖ਼ਤ ਨੂੰ ਬਹੁਤ ਹੀ ਸਹਿਜਤਾ ਅਤੇ ਸੁਹਿਰਦਤਾ ਸੰਗ ਪੇਸ਼ ਕਰਦੀ ਹੈ।

ਸੁਰਿੰਦਰ ਗੀਤ ਦਾ ਕਾਵਿ-ਸੰਗ੍ਰਹਿ ਗੁਸਤਾਖ਼ ਹਵਾ ਵਿਸ਼ਵ ਪੱਧਰ 'ਤੇ ਆ ਰਹੀਆਂ ਤਬਦੀਲੀਆਂ, ਸੰਕਟਾਂ, ਕੁਦਰਤੀ ਆਫ਼ਤਾਂ ਦੀ ਗੱਲ ਕਰਦਿਆਂ, ਮਨੁੱਖਤਾ ਦੇ ਕੇਂਦਰੀ ਨੁਕਤੇ ਦੇ ਆਰ-ਪਾਰ ਫੈਲਦਾ ਹੈ। ਸ਼ਾਇਰਾ ਅੰਦਰ ਤੋਂ ਬਾਹਰ ਵੱਲ ਅਤੇ ਬਾਹਰ ਤੋਂ ਅੰਦਰ ਵੱਲ ਸੂਖ਼ਮ ਨੀਝ ਨਾਲ ਝਾਕਣ ਲਈ ਪ੍ਰੇਰਿਤ ਕਰਦੀ ਮਨੁੱਖੀ ਕਦਰਾਂ-ਕੀਮਤਾਂ ਉੱਪਰ ਪਹਿਰਾ ਦਿੰਦੀ ਬਹੁਪਰਤੀ ਅਤੇ ਬਹੁਪਾਸਾਰੀ ਸੰਭਾਵਨਾਵਾਂ ਨੂੰ ਫਰੋਲਦੀ ਪਾਠਕਾਂ ਨੂੰ ਚਿੰਤਨ ਤੇ ਮੰਥਨ ਲਈ ਕਾਰਜਸ਼ੀਲ ਹੋਣ ਦਾ ਹੁੰਗਾਰਾ ਦਿੰਦੀ ਹੈ। ਬਾਬਾ ਨਾਨਕ, ਮਰਦਾਨਾ, ਭਾਈ ਲਾਲੋ, ਮਲਕ ਭਾਗੋ, ਬਾਣੀ, ਭਾਈ ਕਨ੍ਹਈਆ ਜੀ ਆਦਿ ਮਹਿਜ਼ ਕਾਵਿ ਰੂਪ ਦਾ ਅੰਸ਼ ਨਹੀਂ ਬਣਦੇ ਸਗੋਂ ਸ਼ਾਇਰਾ ਇਨ੍ਹਾਂ ਬਿੰਬਾਂ/ਪ੍ਰਤੀਕਾਂ/ਚਿਹਨਾਂ ਰਾਹੀਂ ਉਸ ਵਿਰਾਸਤ ਨਾਲ ਜੋੜ ਦਿੰਦੀ ਹੈ ਜੋ ਸਾਡੀ ਅਜੋਕੀ ਕਦਰਾਂ-ਕੀਮਤਾਂ ਦਾ ਅਨਿੱਖੜ ਅੰਗ ਹੋਣੀਆਂ ਚਾਹੀਦੀਆਂ ਹਨ। ਜਿਸ ਨੂੰ ਵਿਸਾਰ ਅੱਜ ਅਸੀਂ ਅਨੈਤਿਕਤਾ, ਲੁੱਟ-ਖਸੁੱਟ, ਅਮਾਨਵੀ ਅਤੇ ਬੇਈਮਾਨੀ ਨੂੰ ਆਪਣੇ ਸਵੈ ਲਈ ਸਾਧਨ ਵਜੋਂ ਅਪਣਾ ਲਿਆ ਹੈ। ਅੱਜ ਪੰਜਾਬ ਦੀ ਧਰਤੀ ਤੇ ਪਾਣੀ ਜਿਸ ਪ੍ਰਦੂਸ਼ਣ ਦਾ ਸ਼ਿਕਾਰ ਹੋ ਗਏ ਹਨ ਉਹ ਮੌਤ ਜਾਂ ਜ਼ਹਿਰ ਵਜੋਂ ਸਿਆਣਿਆ ਗਿਆ ਹੈ। ਜੜ੍ਹਾਂ ਨਾਲ ਸ਼ਾਇਰਾ ਭਾਵੁਕ ਸਾਂਝ ਨਹੀਂ ਰੱਖਦੀ ਸਗੋਂ ਬੌਧਿਕ ਪੱਖੋਂ ਉਹ ਆਪਣੇ ਅਮੀਰ ਵਿਰਸੇ ਅੰਦਰ ਮੌਜੂਦ ਮਾਨਵੀ ਪੱਖ ਨੂੰ ਮੁੜ ਤੋਂ ਸੁਰਜੀਤ ਕਰਨਾ

ਲੋਚਦੀ ਸਾਂਝੀ ਪੀੜ ਤੇ ਸਾਂਝੀਵਾਲਤਾ ਦਾ ਨੁਕਤਾ ਪੇਸ਼ ਕਰਦੀ ਹੈ। ਸ਼ੁਭ ਸਵੇਰ ਦੀ ਖੁਸ਼ਆਮਦੀਦ ਦੀ ਗੱਲ ਕਰਦੀ ਉਹ ਕਹਿੰਦੀ ਹੈ :

ਸ਼ੁਭ ਸਵੇਰ
ਮਨੁੱਖਤਾ ਲਈ
ਕੁਛ ਚੰਗਾ ਕਰਨ
ਵਿਚ ਹੁੰਦੀ ਹੈ। (ਪੰਨਾ - 66)

ਇੰਞ ਗੁਸਤਾਖ਼ ਹਵਾ ਦਾ ਕੇਂਦਰੀ ਸੂਤਰ ਵਿਸ਼ਵ ਸਰੋਕਾਰਾਂ ਨਾਲ ਸੰਵਾਦ ਰਚਾਉਂਦਾ ਅਜਿਹੇ ਸੰਸਾਰ ਦੀ ਘਾੜਤ ਕਰਦਾ ਹੈ ਜਿਹੜਾ ਪਾਰ-ਰਾਸ਼ਟਰੀ, ਪਾਰ-ਸਭਿਆਚਾਰਕ, ਪਾਰ-ਭਾਸ਼ਾਈ ਅਤੇ ਪਾਰ-ਲੈਂਗਿਕਤਾ ਦੇ ਨੁਕਤਾ-ਨਿਗਾਹ ਤੋਂ ਮਨੁੱਖੀ ਕਦਰਾਂ-ਕੀਮਤਾਂ ਨੂੰ ਤਰਜੀਹ ਦਿੰਦਾ ਲੋਕ ਭਲਾਈ ਤੇ ਮਨੁੱਖਤਾ ਦਾ ਪੱਖ ਪੂਰਨ ਵਾਲਾ ਹੋਵੇ। ਕਵਿਤਾ ਨੂੰ ਕ੍ਰਾਂਤੀ ਵਜੋਂ ਦੇਖਦੀ ਸ਼ਾਇਰਾ ਸਮਾਜਕ-ਸਭਿਆਚਾਰਕ ਬਦਲਾਅ ਦੀ ਗੱਲ ਕਰਦੀ ਹੈ। ਅਨੈਤਿਕਤਾ ਨੂੰ ਨੈਤਿਕਤਾ ਵਿਚ ਬਦਲਣ ਦੀ ਤਾਕਤ ਰੱਖਦੀ ਲੇਖਿਕਾ ਦੀ ਕਲਮ, ਸੋਚ ਤੇ ਸ਼ਬਦ 'ਗੁਸਤਾਖ਼ ਹਵਾ' ਦਾ ਰੁਖ਼ ਬਦਲਣ ਦੀ ਸਮਰੱਥਾ ਨੂੰ ਆਪਣੇ ਅੰਦਰ ਸਮੋਏ ਹੋਏ ਹੈ। ਸੰਸਾਰ ਅੰਦਰ ਮਹਾਂਮਾਰੀ ਦੇ ਦੌਰ ਨੇ ਅਜਿਹੀ ਚੇਤਨਾ ਪੈਦਾ ਕੀਤੀ ਜਿਹੜੀ ਮਨੁੱਖਤਾ ਪੱਖੋਂ ਬੜੀ ਤਬਦੀਲੀਆਂ ਲਿਆਉਂਦੀ ਹੈ ਇਕ ਬੰਨੇ ਲੋਕ ਸੇਵਾ ਭਾਵ ਨਾਲ ਆਪਣਾ ਆਪ ਦਾਅ 'ਤੇ ਲਾ ਰਹੇ ਹਨ ਦੂਜੇ ਪਾਸੇ ਸ੍ਵੈ-ਮੁਨਾਫ਼ੇ ਵਾਲੀ ਸੋਚ ਮਾਨਵਤਾ ਪੱਖੋਂ ਹੀਣੀ ਹੁੰਦੀ ਜਾਂਦੀ ਹੈ। ਸੁਰਿੰਦਰ ਗੀਤ ਦੀ ਮਾਨਵੀ ਸੰਵੇਦਨਾ ਦੀ ਬੁਲੰਦ ਸੁਰ ਹਰ ਸੰਰਚਨਾ ਨਾਲ ਟੱਕਰ ਲੈਂਦੀ ਉਸ ਨੂੰ ਤ੍ਰੋੜਦੀ ਵਿਰਚਿਤ ਕਰਦੀ ਹੈ। ਸ਼ਾਇਰਾ ਸਰਲ ਸਾਦਾ ਭਾਸ਼ਾ ਰਾਹੀਂ ਗਹਿਰ ਗੰਭੀਰ ਮਸਲਿਆਂ ਨੂੰ ਛੋਹਦੀ ਆਪਣੇ ਅੰਦਰ ਵੱਲ ਝਾਤ ਮਾਰ ਆਪਣੇ ਆਪੇ ਨੂੰ ਮੁੜ ਸੋਧਣ ਦਾ ਨੁਕਤਾ ਰੱਖਦੀ ਹੈ। ਲੋਕ ਵਿਰਸੇ ਤੋਂ ਸਿੱਖ ਇਤਿਹਾਸ ਤੇ ਡਿਜ਼ੀਟਲ ਇੰਡੀਆ ਤੀਕ ਪਹੁੰਚ ਕਰਦੀ ਗੁਸਤਾਖ਼ ਹਵਾ ਦੀ ਸਪੇਸ ਬਹੁਪਰਤੀ ਬਹੁਦਿਸ਼ਾਵੀ ਤੇ ਬਹੁਸੰਭਾਵੀ ਸੁਰ ਵਾਲੀ ਹੋ ਨਿੱਬੜਦੀ ਹੈ।

## ਹਵਾਲੇ

1. ਸੁਰਜੀਤ ਪਾਤਰ. (2022). ਕਵਿਤਾ ਤੂੰ ਆ....ਪਰ ਇਸ ਤਰ੍ਹਾਂ ਆ. (ਡਾ. ਨਰੇਸ਼ ਕੁਮਾਰ, ਸੰਪਾ.) ਜਲੰਧਰ: ਯੂਨੀਮੈਕਸ ਪਬਲੀਕੇਸ਼ਨਜ਼.
2. ਸੁਰਿੰਦਰ ਗੀਤ. (2020). ਗੁਸਤਾਖ਼ ਹਵਾ. ਪਟਿਆਲਾ: ਕੈਲੀਬਰ ਪਬਲੀਕੇਸ਼ਨ.
3. ਬਲਬੀਰ ਮਾਧੋਪੁਰੀ. (2025). ਸੁਰਿੰਦਰ ਗੀਤ: ਵਿਲੱਖਣ ਪਰਵਾਸੀ ਸਾਹਿਤਕਾਰ. (ਪ੍ਰੋ. ਜਸਪਾਲ ਕੌਰ, ਸੰਪਾ.) ਫਤਿਹਗੜ੍ਹ ਚੰਨਾ: ਰੀਥਿੰਕ ਬੁਕਸ.